(3)

# ਸਮਾਜਿਕ ਖੇਤਰ ਵਿਚ ਪ੍ਰਭਾਵ

## (Effects in Social Field)

ਭਾਰਤ ਦੀਆਂ ਭੂਗੋਲਿਕ ਪਰਿਸਥਿਤੀਆਂ ਦੇ ਕਾਰਨ ਇਥੋਂ ਦੇ ਲੋਕਾਂ ਵਿਚ ਸਦਾ ਸਹਿਣਸ਼ੀਲਤਾ ਤੇ ਪਰਉਪਕਾਰੀ ਦੀ ਭਾਵਨਾ ਪ੍ਰਬਲ ਰਹੀ ਹੈ। ਇਸ ਵਿਸ਼ਾਲ ਦੇਸ਼ ਦੀ ਭਿੰਨ-ਭਿੰਨ ਪ੍ਰਕਾਰ ਦੀ ਧਰਤੀ, ਵੱਖ-ਵੱਖ ਪ੍ਰਕਾਰ ਦੇ ਜਲਵਾਯੂ ਦੇ ਲੋਕਾਂ ਦੀਆਂ ਅੱਲਗ-ਅਲੱਗ ਖੁਰਾਕਾਂ ਅਤੇ ਧਰਮਾਂ ਨੂੰ ਉਨ੍ਹਾਂ ਵਿਚ ਆਪਸੀ ਸਤਕਾਰ ਸਹਿਯੋਗ ਕਰਨ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਪ੍ਰਾਕ੍ਰਿਤਕ ਭਿੰਨਤਾਵਾਂ ਦੇ ਹੁੰਦੇ ਹੋਏ ਵੀ ਵੱਖ-ਵੱਖ ਜਗਾਂ ਵਿਚ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਰਹਿਣ ਵਾਲੇ ਵਸਨੀਕ ਇਕ-ਦੂਜੇ ਨਾਲ ਮਿਲਕੇ ਰਹਿੰਦੇ ਰਹੇ ਹਨ।

(i) ਪੰਜਾਬ ਦੇ ਲੋਕਾਂ ਦਾ ਸਾਹਸੀ ਹੋਣਾ :-

ਪੰਜਾਬ ਦੀ ਭੂਗੋਲਿਕ ਸਥਿਤੀ ਨੇ ਇਥੋਂ ਦੇ ਲੋਕਾਂ ਨੂੰ ਭਾਰਤ ਦੇ ਦੂਜੇ ਭਾਗਾਂ ਦੇ ਲੋਕਾਂ ਤੋਂ ਵਧੇਰੇ ਬੀਰ ਅਤੇ ਸਾਹਸੀ ਬਣਾ ਦਿੱਤਾ ਹੈ। ਪ੍ਰਾਚੀਨ ਕਾਲ ਤੋਂ 18 ਵੀਂ ਸਦੀ ਤਕ ਯੂਰੋਪੀਅਨਾਂ ਨੂੰ ਛੱਡ ਕੇ ਸਾਰੇ ਵਿਦੇਸ਼ੀ ਹਮਲਾਵਰ ਉੱਤਰ-ਪੱਛਮ ਵਿਚ ਸਥਿਤ ਦੱਰਿਆਂ ਰਾਹੀਂ ਭਾਰਤ ਵਿਚ ਪ੍ਰਵੇਸ਼ ਕਰਦੇ ਰਹੇ। ਇਨ੍ਹਾਂ ਲਗਾਤਾਰ ਯੁੱਧਾਂ ਅਤੇ ਮੁਸੀਬਤਾਂ ਦੇ ਕਾਰਨ ਉਨ੍ਹਾਂ ਵਿਚ ਸਾਹਸ, ਬੀਰਤਾ, ਆਤਮ-ਨਿਰਭਰਤਾ ਆਦਿ ਦੇ ਗੁਣ ਪੈਦਾ ਹੋ ਗਏ।

(ii) ਯੂ.ਪੀ. ਦੇ ਲੋਕਾਂ ਦਾ ਸ਼ਾਂਤਮਈ ਅਤੇ ਬੁੱਧੀਮਾਨ ਹੋਣਾ :-

ਇਹ ਨਿਸਚੇ ਇਥੋਂ ਦੀ ਭੂਗੋਲਿਕ ਸਥਿਤੀ ਦਾ ਨਤੀਜਾ ਹੈ। ਭਾਰਤ ਵਿਚ ਸਾਰੇ ਹਮਲਾਵਰ ਉੱਤਰ ਪੱਛਮ ਵੱਲੋਂ ਹਮਲੇ ਕਰਦੇ ਰਹੇ ਅਤੇ ਗੰਗਾ ਦੇ ਮੈਦਾਨ ਵਿਚ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਅਧਿਕਤਰ ਯੁੱਧ ਪੰਜਾਬ ਅਤੇ ਦਿੱਲੀ ਵਿਚ ਲੜਨੇ ਪਏ। ਇਸ ਲਈ ਯੂ.ਪੀ ਦੇ ਲੋਕ ਅਧਿਕਤਰ ਸ਼ਾਂਤੀ ਦੇ ਵਾਤਾਵਰਣ ਵਿਚ ਰਹੇ ਹਨ ਅਤੇ ਸ਼ਾਂਤੀਮਈ ਬਣ ਗਏ। ਦੂਜੇ, ਗੰਗਾ ਦੇ ਮੈਦਾਨ ਦੇ ਬਹੁਤ ਉਪਜਾਊ ਹੋਣ ਦੇ ਕਾਰਨ ਇਥੋਂ ਦੇ ਲੋਕਾਂ ਨੂੰ ਆਪਣੀ ਰੋਜ਼ੀ ਲਈ ਅਧਿਕ ਸੰਘਰਸ਼ ਨਹੀਂ ਕਰਨਾ ਪੈਂਦਾ ਸੀ। ਇਸ ਲਈ ਇਥੋਂ ਦੇ ਲੋਕ ਬੀਰ ਤੇ ਸਾਹਸੀ ਦੀ ਥਾਂ ਅਧਿਕ ਬੁੱਧੀਮਾਨ ਤੇ

ਰਹੇ ।

(iii) ਮਹਾਂਰਾਸ਼ਟਰ ਦੇ ਲੋਕਾਂ ਦਾ ਮਿਹਨਤੀ, ਸਾਹਸੀ ਅਤੇ ਸਰਲ ਸੁਭਾਅ ਦਾ ਹੋਣਾ :-

ਮਹਾਂਰਾਸ਼ਟਰ ਦਾ ਪ੍ਰਦੇਸ਼ ਗੰਗਾ ਦੇ ਮੈਦਾਨ ਦੀ ਤਰ੍ਹਾਂ ਧਨਾਢ ਨਹੀਂ ਹੈ। ਇੱਥੇ ਵਰਖਾ ਘੱਟ ਹੁੰਦੀ ਹੈ ਅਤੇ ਧਰਤੀ ਸਮਤਲ ਨਾ ਹੋਣ ਦੇ ਕਾਰਨ ਉਪਜਾਊ ਨਹੀਂ ਹੈ। ਇਸ ਲਈ ਇੱਥੋਂ ਦੇ ਲੋਕਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਬਹੁਤ ਅਧਿਕ ਮਿਹਨਤ ਕਰਨੀ ਪੈਂਦੀ ਹੈ। ਧਨ ਦੀ ਘਾਟ ਦੇ ਕਾਰਨ ਇਹ ਲੋਕ ਐਸ਼-ਇਸ਼ਰਤ ਦਾ ਜੀਵਨ ਬਤੀਤ ਨਹੀਂ ਕਰਦੇ, ਬਲਕਿ ਸਰਲ ਸੁਭਾਅ ਦੇ ਹੋ ਗਏ ਹਨ। ਉਨ੍ਹਾਂ ਵਿਚ ਅਭਿਮਾਨ ਦੀ ਭਾਵਨਾ ਜ਼ਰਾ ਵੀ ਨਹੀਂ।

(iv) ਦੱਖਣੀ ਭਾਰਤ ਦੇ ਲੋਕਾਂ ਦਾ ਵੱਖਰਾ ਰਹਿਣ-ਸਹਿਣ :- ਵਿੰਧਿਆਚਲ ਅਤੇ ਸਤਪੁੜਾ ਦੀਆਂ ਪਹਾੜੀਆਂ ਸ਼੍ਰੇਣੀਆਂ ਨੇ ਦੱਖਣੀ ਭਾਰਤ ਨੂੰ ਉੱਤਰੀ ਭਾਰਤ ਤੋਂ ਅਲੱਗ ਕਰ ਦਿੱਤਾ ਹੈ। ਇਸ ਲਈ ਦੱਖਣੀ ਭਾਰਤ ਦੇ ਲੋਕਾਂ ਦਾ ਰਹਿਣ-ਸਹਿਣ ਉੱਤਰੀ ਭਾਰਤ ਦੇ ਲੋਕਾਂ ਦੇ ਰਹਿਣ-ਸਹਿਣ ਨਾਲੋਂ ਬਿਲਕੁਲ ਭਿੰਨ ਰਿਹਾ ਹੈ। ਇਸ ਲਈ ਵੱਖ-ਵੱਖ ਜੁਗਾਂ ਵਿਚ ਦੱਖਣੀ ਭਾਰਤ ਦਾ ਖਾਣ-ਪੀਣ, ਪਹਿਰਾਵਾ, ਭਾਸ਼ਾ, ਰੀਤੀ-ਰਿਵਾਜ ਆਦਿ ਉੱਤਰੀ ਭਾਰਤ ਦੇ ਲੋਕਾਂ ਤੋਂ ਵੱਖਰੇ ਰਹੇ ਹਨ।

## ਆਰਥਿਕ ਖੇਤਰ ਵਿਚ ਪ੍ਰਭਾਵ
## (Effects in Economic field)

(i) ਭਾਰਤ ਦਾ ਧਨੀ ਹੋਣਾ :-

ਭਾਰਤ ਦਾ ਧਨੀ ਹੋਣਾ ਇੱਥੋਂ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਦਾ ਫਲ ਹੈ। ਗੰਗਾ ਅਤੇ ਸਿੰਧ ਦਾ ਮੈਦਾਨ ਰਾਜਪੂਤਾਨਾ ਦੇ ਰੇਤਲ ਭਾਗ ਨੂੰ ਛੱਡ ਕੇ ਸੰਸਾਰ ਦੇ ਸਭ ਤੋਂ ਉਪਜਾਊ ਪ੍ਰਦੇਸ਼ਾਂ ਵਿਚ ਇਕ ਹੈ। ਇਸ ਲਈ ਇੱਥੇ ਬਹੁਤ ਪੈਦਾਵਾਰ ਹੁੰਦੀ ਰਹੀ ਹੈ, ਜਿਸਦੇ ਕਾਰਨ ਇੱਥੋਂ ਦੇ ਲੋਕ ਸਦਾ ਧਨੀ ਰਹੇ ਹਨ। ਇਸਦੇ ਇਲਾਵਾ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਕਾਫ਼ੀ ਮਾਤਰਾ ਵਿਚ ਸੋਨਾ, ਹੀਰੇ-ਜਵਾਹਰਾਤ,

Scanned with CamScanner

ਰੇਸ਼ਾ, ਤਾਂਬਾ, ਪਿੱਤਲ, ਮੈਂਗਨੀਜ਼ ਆਦਿ ਖਣਿਜ ਪਦਾਰਥ ਪਾਏ ਜਾਂਦੇ ਰਹੇ ਹਨ, ਜਿਨ੍ਹਾਂ ਦੇ ਕਾਰਨ ਭਾਰਤ ਦੇ ਧਨ ਵਿਚ ਵਾਧਾ ਹੁੰਦਾ ਰਿਹਾ ਹੈ।

(ii) ਖੇਤੀਬਾੜੀ - ਭਾਰਤੀਆਂ ਦਾ ਮੁੱਖ ਪੇਸ਼ਾ :-

ਭਾਰਤ ਦੀਆਂ ਭੂਗੋਲਿਕ ਵਿਸ਼ੇਸ਼ਤਾਈਆਂ ਦੇ ਕਾਰਨ ਹੀ ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਤਕ ਖੇਤੀਬਾੜੀ ਭਾਰਤੀਆਂ ਦਾ ਮੁੱਖ ਪੇਸ਼ਾ ਰਿਹਾ ਹੈ। ਹਰ ਯੁਗ ਵਿਚ ਭਾਰਤ ਦੇ ਅਧਿਕਤਰ ਲੋਕ ਪਿੰਡਾਂ ਵਿਚ ਰਹਿੰਦੇ ਰਹੇ ਹਨ ਅਤੇ ਉਨ੍ਹਾਂ ਦਾ ਕਿੱਤਾ ਖੇਤੀ ਰਿਹਾ ਹੈ। ਇਸਦਾ ਕਾਰਨ ਇਹ ਹੈ ਕਿ ਕੁਝ ਭਾਗਾਂ ਨੂੰ ਛੱਡ ਕੇ ਭਾਰਤ ਦੀ ਧਰਤੀ ਸਦਾ ਬਹੁਤ ਉਪਜਾਊ ਰਹੀ ਹੈ।

(iii) ਉਦਯੋਗਾਂ ਅਤੇ ਵਿਦੇਸ਼ੀ ਵਪਾਰ ਦਾ ਵਿਕਾਸ :-

ਭਾਰਤ ਦੀਆਂ ਭੂਗੋਲਿਕ ~~ਸਥਿਤੀ~~ ਪਰਿਸਥਿਤੀਆਂ ਦਾ ਆਰਥਿਕ ਖੇਤਰ ਵਿਚ ਇਕ ਮਹੱਤਵਪੂਰਨ ਇਹ ਪ੍ਰਭਾਵ ਪਿਆ ਹੈ ਕਿ ਪੁਰਾਤਨ ਕਾਲ ਤੋਂ ਭਾਰਤ ਵਿਚ ਉਦਯੋਗਾਂ ਦਾ ਬੜਾ ਵਿਕਾਸ ਹੋਇਆ ਅਤੇ ਵਿਦੇਸ਼ਾਂ ਨਾਲ ਬਹੁਤ ਅਧਿਕ ਵਪਾਰ ਚਲਦਾ ਰਿਹਾ। ਇਸ ਦੇਸ਼ ਦੀ ਧਰਤੀ ਵਿਚ ਵੱਖ-ਵੱਖ ਵਸਤੂਆਂ ਦੀ ਪੈਦਾਵਾਰ ਲੋਕਾਂ ਦੀਆਂ ਲੋੜਾਂ ਤੋਂ ਬਹੁਤ ਅਧਿਕ ਹੁੰਦੀ ਰਹੀ ਹੈ। ਭਿੰਨ-ਭਿੰਨ ਯੁਗਾਂ ਵਿਚ ਭਾਰਤ ਤੋਂ ਕੱਪੜਾ, ਗਰਮ ਮਸਾਲੇ, ਨੀਲ, ਮੂੰਗਫਲੀ, ਪਟਸਨ, ਕਪਾਹ, ਅਫ਼ੀਮ, ਖੰਡ, ਚਾਹ, ਆਦਿ ਵਿਦੇਸ਼ਾਂ ਵਿਚ ਜਾਂਦੇ ਰਹੇ।

## ਧਾਰਮਿਕ ਖੇਤਰ ਵਿਚ ਪ੍ਰਭਾਵ

## (Effects in Religious Field)

ਭਾਰਤ ਦੀਆਂ ਪ੍ਰਾਕ੍ਰਿਤਿਕ ਵਿਸ਼ੇਸ਼ਤਾਈਆਂ ਨੇ ਹਿੰਦੂ ਧਰਮ ਦੀ ਉਤਪਤੀ ਤੇ ਵਿਕਾਸ ਉੱਤੇ ਡੂੰਘਾ ਪ੍ਰਭਾਵ ਪਾਇਆ। ਰਿਗਵੈਦਿਕ ਕਾਲ ਵਿਚ ਆਰੀਆਂ ਨੇ ਕੁਦਰਤ ਦੇ ਭਿੰਨ-ਭਿੰਨ ਰੂਪਾਂ ਅਤੇ ਦ੍ਰਿਸ਼ਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਪੂਜਾ ਕਰਨੀ ਆਰੰਭ ਕਰ ਦਿੱਤੀ। ਕੁਦਰਤ ਦੇ ਇਨ੍ਹਾਂ ਵੱਖ-ਵੱਖ ਰੂਪਾਂ ਦੀ ਪੂਜਾ ਤੋਂ ਹੀ ਆਰੀਆਂ ਨੇ ਕਈ ਕੁਦਰਤੀ ਦੇਵਤਿਆਂ

ਦੀ ਰਚਨਾ ਸ਼ੈਲੀ ਅਤੇ ਉਨ੍ਹਾਂ ਦੀ ਪ੍ਰਸ਼ੰਸਾ ਕਰਨ ਲੱਗੇ।

(i) ਗੰਗਾ ਦੇ ਮੈਦਾਨ ਵਿਚ ਬੁੱਧ ਧਰਮ ਅਤੇ ਜੈਨ ਧਰਮ ਦਾ ਜਨਮ:-
ਗੰਗਾ ਦੇ ਮੈਦਾਨ ਵਿਚ ਇੱਥੋਂ ਦੀ ਭੂਗੋਲਿਕ ਅਵਸਥਾ ਦੇ ਕਾਰਨ ਬੁੱਧ ਧਰਮ ਅਤੇ ਜੈਨ ਧਰਮ ਦਾ ਜਨਮ ਹੋਇਆ। ਇਸ ਮੈਦਾਨ ਦੀ ਭੂਗੋਲਿਕ ਸਥਿਤੀ ਦੇ ਕਾਰਨ ਇੱਥੋਂ ਆਮ ਤੌਰ ਤੇ ਸ਼ਾਂਤੀ ਰਹੀ ਅਤੇ ਧਾਰਮਿਕ ਅੰਦੋਲਨ ਲਈ ਬਹੁਤ ਅਨੁਕੂਲ ਵਾਤਾਵਰਨ ਮਿਲਿਆ। ਇਸ ਲਈ ਜਦੋਂ ਸਿੰਧ ਦੇ ਮੈਦਾਨ ਦੇ ਲੋਕ ਵਿਦੇਸ਼ੀ ਹਮਲਾਵਰਾਂ ਦੇ ਅੱਤਿਆਚਾਰਾਂ ਦੇ ਥੱਲੇ ਵਿਚ ਪਿਸਦੇ ਰਹਿੰਦੇ ਗੰਗਾ ਦੇ ਮੈਦਾਨ ਦੇ ਲੋਕ ਬ੍ਰਾਹਮਣਾਂ ਦੇ ਸਮਾਜ ਵਿਚ ਰਹਿੰਦੇ ਜਾਂ ਹੋ ਅਧਿਆਤਮਿਕਤਾ ਤੇ ਸੋਚ-ਵਿਚਾਰ ਕਰਨ ਲੱਗੇ।

(ii) ਉੱਤਰੀ ਭਾਰਤ ਵਿਚ ਇਸਲਾਮ ਧਰਮ ਦਾ ਅਧਿਕ ਪ੍ਰਚਾਰ:-
ਭੂਗੋਲਿਕ ਅਵਸਥਾ ਦਾ ਧਾਰਮਿਕ ਖੇਤਰ ਵਿਚ ਇਕ ਹੋਰ ਪ੍ਰਭਾਵ ਇਹ ਪਿਆ ਹੈ ਕਿ ਇਸਲਾਮ ਧਰਮ ਦਾ ਪ੍ਰਚਾਰ ਦੱਖਣੀ ਭਾਰਤ ਦੀ ਥਾਂ ਉੱਤਰੀ ਭਾਰਤ ਵਿਚ ਅਧਿਕ ਹੋਇਆ। ਇਸਲਾਮ ਧਰਮ ਦਾ ਜਨਮ ਮੱਕਾ-ਮਦੀਨਾ ਵਿਚ ਹੋਇਆ ਸੀ। ਇਸ ਧਰਮ ਦਾ ਪ੍ਰਚਾਰ ਕਰਨ ਲਈ ਉੱਤਰ ਪੱਛਮ ਵੱਲੋਂ ਮੁਸਲਮਾਨ ਹਮਲਾਵਰਾਂ ਨੇ ਹਮਲੇ ਕੀਤੇ। ਹੌਲੀ-ਹੌਲੀ ਮੁਸਲਮਾਨਾਂ ਨੇ ਉੱਤਰੀ ਭਾਰਤ ਉੱਤੇ ਆਪਣਾ ਰਾਜ ਸਥਾਪਤ ਕਰ ਲਿਆ।

Scanned with CamScanner